# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times   17 ਅਗਸਤ 2026 ਦਿਨ ਸੋਮਵਾਰ   ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## 80ਵੇਂ ਆਜ਼ਾਦੀ ਦਿਵਸ ਮੌਕੇ ਪ੍ਰੋ.ਬੀਰਇੰਦਰਜੀਤ ਸਿੰਘ ਨੂੰ ਵਧੀਆ ਸਿੱਖਿਆ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

### ਜ਼ਿਲ੍ਹਾ ਪੱਧਰੀ ਆਜ਼ਾਦੀ ਸਮਾਗਮ ਮੌਕੇ ਡੀ.ਸੀ. ਫ਼ਰੀਦਕੋਟ ਵੱਲੋਂ ਸਨਮਾਨ ਪੱਤਰ ਪ੍ਰਦਾਨ ਕੀਤਾ ਗਿਆ।

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਫ਼ਰੀਦਕੋਟ, 17 ਅਗਸਤ : ਦੇਸ਼ ਭਗਤ ਪੰਡਿਤ ਚੇਤਨ ਦੇਵ ਸਰਕਾਰੀ ਕਾਲਜ ਆਫ਼ ਐਜੂਕੇਸ਼ਨ ਫ਼ਰੀਦਕੋਟ ਵਿਖੇ ਸਮਾਜਿਕ ਸਿੱਖਿਆ ਅਧਿਆਪਨ ਵਿਸ਼ੇ ਵਿੱਚ ਅਸਿਸਟੈਂਟ ਪ੍ਰੋਫ਼ੈਸਰ ਵਜੋਂ ਵਧੀਆ ਸੇਵਾਵਾਂ ਨਿਭਾਉਣ ਅਤੇ ਸਿੱਖਿਆ ਖੇਤਰ ਵਿੱਚ ਯੋਗਦਾਨ ਲਈ ਪ੍ਰੋ.ਬੀਰਇੰਦਰਜੀਤ ਸਿੰਘ ਨੂੰ 80ਵੇਂ ਆਜ਼ਾਦੀ ਦਿਹਾੜੇ ਮੌਕੇ ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਅਯੋਜਿਤ ਸ਼ਾਨਦਾਰ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਚਾਬਾ, ਆਈ.ਏ.ਐੱਸ. ਨੇ ਸਨਮਾਨ ਪੱਤਰ ਨਾਲ ਸਨਮਾਨਿਤ ਕੀਤਾ। ਇੱਥੇ ਇਹ ਜ਼ਿਕਰਯੋਗ ਹੈ ਕਿ ਪ੍ਰੋ.ਬੀਰਇੰਦਰਜੀਤ ਸਿੰਘ ਸਿੱਖਿਆ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਬਣਾਉਣ ਦੇ ਨਾਲ-ਨਾਲ ਸਾਹਿਤ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਬਹੁਤ ਵੱਡੀਆਂ ਉਪਲੱਬਦੀਆਂ ਹਾਸਿਲ ਕਰ ਚੁੱਕੇ ਹਨ ਅਤੇ ਹਮੇਸ਼ਾਂ ਸਰਗਰਮ ਰਹਿੰਦੇ ਹਨ। ਇਸਦੇ ਨਾਲ ਹੀ ਉਹ ਆਪਣੇ ਵਿਦਿਆਰਥੀਆਂ ਨੂੰ ਵੀ ਪ੍ਰੇਰਿਤ ਕਰਦੇ ਰਹਿੰਦੇ ਹਨ। ਉਹਨਾਂ ਨੇ ਕਈ ਉਚਕੋਟੀ ਦੇ ਮਾਣ ਸਨਮਾਨ ਪ੍ਰਾਪਤ ਕੀਤੇ ਹਨ।


ਇਸ ਮੌਕੇ ਨਹਿਰੂ ਸਟੇਡੀਅਮ ਫ਼ਰੀਦਕੋਟ ਵਿਖੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਮਾਨਯੋਗ ਡਿਪਟੀ ਕਮਿਸ਼ਨਰ ਫ਼ਰੀਦਕੋਟ ਸ਼੍ਰੀ ਰਾਹੁਲ ਚਾਬਾ ਜੀ ਨੇ ਕੀਤੀ। ਇਸ ਦੌਰਾਨ ਸ. ਗੁਰਦਿੱਤ ਸਿੰਘ ਸੇਖੋਂ, (ਹਲਕਾ ਵਿਧਾਇਕ ਫ਼ਰੀਦਕੋਟ), ਜਨਾਬ ਮਹੁੰਮਦ ਸਦੀਕ (ਸਾਬਕਾ ਮੈਂਬਰ ਪਾਰਲੀਮੈਂਟ), ਸ. ਗੁਰਤੇਜ ਸਿੰਘ ਖੋਸਾ (ਚੇਅਰਮੈਨ, ਜ਼ਿਲ੍ਹਾ ਯੋਜਨਾ ਬੋਰਡ), ਸ. ਗਗਨਦੀਪ ਸਿੰਘ ਧਾਲੀਵਾਲ (ਚੇਅਰਮੈਨ, ਇੰਪਰੂਵਮੈਂਟ ਟਰੱਸਟ), ਸ. ਅਮਨਦੀਪ ਸਿੰਘ ਬਾਬਾ (ਚੇਅਰਮੈਨ, ਮਾਰਕੀਟ ਕਮੇਟੀ), ਸ. ਬਲਜਿੰਦਰ ਸਿੰਘ ਬੱਬੂ ਅਹੂਜਾ (ਪ੍ਰਧਾਨ ਨਗਰ ਕੌਂਸਲ) ਆਦਿ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

ਪ੍ਰੋ.ਬੀਰਇੰਦਰਜੀਤ ਸਿੰਘ ਨੂੰ ਇਸ ਪ੍ਰਾਪਤੀ ਲਈ ਵੱਖ-ਵੱਖ ਵਿੱਦਿਅਕ, ਸਾਹਿਤਕ, ਸਮਾਜਸੇਵੀ ਸੰਸਥਾਵਾਂ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਇਲਾਵਾ ਕਾਲਜ ਦੇ ਪ੍ਰਿੰਸੀਪਲ ਡਾ. ਰਾਜੇਸ਼ ਮੋਹਨ ਅਤੇ ਸਮੂਹ ਸਟਾਫ਼, ਗੁਰਜੀਤ ਸਿੰਘ ਹੈਰੀ ਢਿੱਲੋਂ, ਪ੍ਰਿੰ. ਸੁਰੇਸ਼ ਅਰੋੜਾ, ਕੇ.ਪੀ. ਸਿੰਘ ਸਰਾਂ, ਅਜੇਪਾਲ ਸਿੰਘ ਬਰਗਾੜੀ, ਗੁਰਵਿੰਦਰ ਸਿੰਘ ਧੀਂਗੜਾ, ਜਸਵੰਤ ਜੱਸ, ਜਸਬੀਰ ਜੱਸੀ, ਹਰਮਿੰਦਰ ਸਿੰਘ ਮਿੰਦਾ ਆਦਿ ਨੇ ਮੁਬਾਰਕਬਾਦ ਦਿੱਤੀ।

## ਭਾਸ਼ਾ ਵਿਭਾਗ ਪੰਜਾਬ ਵੱਲੋਂ ਸੁਰਜੀਤ ਪਾਤਰ ਵਿਦਿਆਰਥੀ ਪੁਰਸਕਾਰ ਦਾ ਐਲਾਨ

### ਲੁਧਿਆਣਾ ਜ਼ਿਲ੍ਹੇ ਦੇ ਸਕੂਲੀ ਵਿਿਦਆਰਥੀ ਸੁਰਖ਼ਾਬ ਦੀ ਪੁਸਤਕ ‘ਵੈਤਰਨੀ’ ਨੇ ਜਿੱਤਿਆ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 17 ਅਗਸਤ:ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਮਰਹੂਮ ਸ਼ਾਇਰ ਪਦਮ ਸ੍ਰੀ ਸੁਰਜੀਤ ਪਾਤਰ ਦੀ ਯਾਦ ’ਚ ਸਥਾਪਤ ਕੀਤੇ ਗਏ ਸੁਰਜੀਤ ਪਾਤਰ ਵਿਿਦਆਰਥੀ ਪੁਰਸਕਾਰ ਦਾ ਅੱਜ ਭਾਸ਼ਾ ਵਿਭਾਗ ਪੰਜਾਬ ਵੱਲੋਂ ਐਲਾਨ ਕਰ ਦਿੱਤਾ ਗਿਆ ਹੈ। ਡਾਇਰੈਕਟਰ ਭਾਸ਼ਾਵਾਂ ਸ. ਜਸਵੰਤ ਸਿੰਘ ਜ਼ਫ਼ਰ ਨੇ ਦੱਸਿਆ ਕਿ ਪਲੇਠਾ ਸੁਰਜੀਤ ਪਾਤਰ ਵਿਿਦਆਰਥੀ ਪੁਰਸਕਾਰ ਲਈ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਤ ਸਕੂਲੀ ਵਿਦਿਆਰਥੀ ਸੁਰਖ਼ਾਬ ਦੀ ਪੁਸਤਕ ‘ਵੈਤਰਨੀ’ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪੁਰਸਕਾਰ ਲਈ ਵਿਦਿਆਰਥੀ ਲੇਖਕਾਂ ਤੋਂ ਸਾਹਿਤ ਦੀਆਂ ਸਾਰੀਆਂ ਵੰਨਗੀਆਂ ਦੀਆਂ ਪੁਸਤਕਾਂ ਦੀ ਮੰਗ ਕੀਤੀ ਗਈ ਸੀ ਪਰ ਇਸ ਵਾਰ ਸਿਰਫ਼ ਸਾਰੀਆਂ ਹੀ ਪੁਸਤਕਾਂ ਕਵਿਤਾ ਨਾਲ ਸਬੰਧਤ ਸਨ। ਜਿੰਨ੍ਹਾਂ ਦਾ ਵਿਭਾਗ ਵੱਲੋਂ ਮਨੋਨੀਤ ਤਿੰਨ ਮੁਲਾਂਕਣਕਾਰਾਂ ਨੇ ਮੁਲਾਂਕਣ ਕੀਤਾ। ਜਿਸ ਤਹਿਤ ਘੁਢਾਣੀ ਕਲਾਂ (ਲੁਧਿਆਣਾ) ਦੇ ਜੰਮਪਲ ਸੁਰਖ਼ਾਬ ਦੀ ਕਾਵਿ ਪੁਸਤਕ ‘ਵੈਤਰਨੀ’ ਨੂੰ ਸਰਵੋਤਮ ਕਰਾਰ ਦਿੱਤਾ ਗਿਆ। ਇਹ ਪੁਰਸਕਾਰ ਭਾਸ਼ਾ ਵਿਭਾਗ ਵੱਲੋਂ ਪੰਜਾਬੀ ਮਾਹ ਦੇ ਨਵੰਬਰ ਮਹੀਨੇ ਹੋਣ ਵਾਲੇ ਉਦਘਾਟਨੀ ਸਮਾਗਮ ਦੌਰਾਨ ਸੁਰਖ਼ਾਬ ਨੂੰ ਉਕਤ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ। ਜਿਸ ਵਿੱਚ ਇੱਕ ਲੱਖ ਰੁਪਏ ਦੀ ਨਕਦ ਰਾਸ਼ੀ, ਵਿਭਾਗੀ ਦੋਸ਼ਾਲਾ ਤੇ ਪਲੇਕ ਸ਼ਾਮਲ ਹੋਵੇਗੀ।

ਸ. ਜ਼ਫ਼ਰ ਨੇ ਕਿਹਾ ਕਿ ਜਿੱਥੇ ਇਹ ਪੁਸਤਕ ਨਵੀਂ ਪੀੜ੍ਹੀ ਨੂੰ ਸਾਹਿਤ ਨਾਲ ਜੋੜਨ ਅਤੇ ਵਿਿਦਆਰਥੀ ਲੇਖਕਾਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਵਾਰ ਦੀ ਪੁਰਸਕਾਰ ਜੇਤੂ ਪੁਸਤਕ ਦੇ ਲੇਖਕ ਦੀ ਮਿਹਨਤ ਤੇ ਸਿਰਜਣ ਪ੍ਰਕਿਿਰਆ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਾਡੀ ਆਉਣ ਵਾਲੀ ਪੀੜ੍ਹੀ ਸਾਹਿਤ ਸਿਰਜਣਾ ਪ੍ਰਤੀ ਕਿੰਨੀ ਸੁਚੇਤ ਹੈ। ਉਨ੍ਹਾਂ ਸੁਰਖ਼ਾਬ ਨੂੰ ਸ਼ਾਬਾਸ਼ ਦਿੰਦਿਆਂ ਉਸ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਤਸਵੀਰ: ਸੁਰਖ਼ਾਬ ਆਪਣੀ ਪੁਸਤਕ ਵੈਤਰਨੀ ਨਾਲ

## ਭਾਰਤੀ ਕਮਿਊਨਿਸਟ ਪਾਰਟੀ ਦੀ 1 ਸਤੰਬਰ ਦੀ ਦਿੱਲੀ ਰੈਲ’ ਦੀ ਤਿਆਰੀ ਲਈ ਪਿੰਡਾਂ ਵਿੱਚ ਜਨ ਸੰਪਰਕ ਮੁਹਿੰਮ ਤੇਜ਼ੀ ਨਾਲ ਜਾਰੀ

ਵਰਲਡ ਪੰਜਾਬੀ ਟਾਈਮਜ਼



ਕੋਟਕਪੂਰਾ, 17 ਅਗਸਤ : ਭਾਰਤੀ ਕਮਿਊਨਿਸਟ ਪਾਰਟੀ ਵੱਲੋਂ 1 ਸਤੰਬਰ ਨੂੰ ਰਾਮ ਲੀਲ੍ਹਾ ਮੈਦਾਨ ਨਵੀਂ ਦਿੱਲੀ ਵਿਖੇ ‘ਬਦਲਾਅ ਜ਼ਰੂਰੀ ਹੈ’ ਦੇ ਨਾਅਰੇ ਨੂੰ ਮੁੱਖ ਰੱਖਦਿਆਂ ਕੌਮੀ ਰੈਲੀ ਕੀਤੀ ਜਾ ਰਹੀ ਹੈ, ਇਸ ਰੈਲੀ ਦੀ ਤਿਆਰੀ ਵਾਸਤੇ ਜ਼ਿਲ੍ਹਾ ਫਰੀਦਕੋਟ ਦੇ ਪਿੰਡਾਂ ਵਿੱਚ ਜਨ ਸੰਪਰਕ ਮੁਹਿੰਮ ਤੇਜ਼ੀ ਨਾਲ ਜਾਰੀ ਹੈ। ਅੱਜ ਪਿੰਡ ਧੂੜਕੋਟ, ਕੋਟਸੁਖੀਆ, ਗੋਲੇਵਾਲਾ, ਪਿਪਲੀ ਨਵੀਂ ਅਤੇ ਢੁੱਡੀ ਵਿਖੇ ਲੋਕਾਂ ਦੇ ਇਕੱਠਾਂ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਜ਼ਿਲ੍ਹਾ ਵਿੱਤ ਸਕੱਤਰ ਗੁਰਚਰਨ ਸਿੰਘ ਮਾਨ, ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਸੁਖਜਿੰਦਰ ਸਿੰਘ ਤੂੰਬੜਭੰਨ, ਨਰੇਗ ਰੋਜ਼ਗਰ ਪ੍ਰਾਪਤੀ ਮਜ਼ਦੂਰ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੇ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਅਤੇ ਸਲਾਹਕਾਰ ਬਲਕਾਰ ਸਿੰਘ ਸਹੋਤਾ ਨੇ ਆਪਣੇ ਆਪਣੇ ਸੰਬੋਧਨ ਵਿੱਚ ਦੇਸ਼ ਦੇ ਮੌਜੂਦਾ ਹਾਲਤਾਂ ਬਾਰੇ ਵਿਚਾਰ ਪੇਸ਼ ਕੀਤੇ। ਆਗੂਆਂ ਨੇ ਦੋਸ਼ ਲਾਇਆ ਕਿ ਪਿਛਲੇ 12 ਸਾਲਾਂ ਦੇ ਰਾਜ ਭਾਗ ਦੌਰਾਨ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਨੇ ਕਾਰਪਰੇਟ ਘਰਾਣਿਆਂ ਦੀ ਦਬਾਅ ਹੇਠ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਲਾਗੂ ਕੀਤਾ ਜਾ ਰਿਹਾ ਹੈ। ਇਸ ਸਰਕਾਰ ਨੇ 29 ਕਿਰਤ ਕਾਨੂੰਨ ਖਤਮ ਕਰਕੇ ਚਾਰ ਲੇਬਰ ਕੋਡ ਲਾਗੂ ਕਰਕੇ ਕਾਰਪੋਰੇਟਾਂ ਦੇ ਹਿੱਤਾਂ ਦੀ ਪੂਰਤੀ ਕੀਤੀ ਹੈ। ਨਰੇਗਾ ਕਾਨੂੰਨ ਖਤਮ ਕਰਕੇ ਨਵਾਂ ਵੀ ਬੀ ਜੀ ਰਾਮ ਜੀ ਕਾਨੂੰਨ ਲਾਗੂ ਕਰ ਦਿੱਤਾ ਹੈ ਅਤੇ ਨਰੇਗਾ ਕਾਮਿਆਂ ਨੂੰ 125 ਦਿਨ ਕੰਮ ਦੇਣ ਦਾ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਜਦ ਕਿ ਅਸਲ ਵਿੱਚ ਕੰਮ ਮਿਲਣ ਦੇ ਦਿਨ 35-40 ਦਿਨਾਂ ਤੋਂ ਵੱਧ ਨਹੀਂ ਹਨ। ਇਸ ਤੋਂ ਇਲਾਵਾ ਦੇਸ਼ ਵਿੱਚ ਫਿਰਕਾ ਪ੍ਰਸਤੀ ਜਾਤ -ਪਾਤ ਅਤੇ ਨਫਰਤ ਦੀ ਰਾਜਨੀਤੀ ਲਾਗੂ ਕੀਤੀ ਜਾ ਰਹੀ ਹੈ। ਸਾਡੇ ਦੇਸ਼ ਦੇ ਧਰਮ ਨਿਰਪੱਖ ਸੰਵਿਧਾਨ ਨੂੰ ਖਤਰਾ ਪੈਦਾ ਹੋ ਗਿਆ ਹੈ। ਵੱਖ ਵੱਖ ਵਿਭਾਗਾਂ ਦਾ ਤੇਜ਼ੀ ਨਾਲ ਨਿੱਜੀਕਰਨ ਕੀਤਾ ਜਾ ਰਿਹਾ ਹੈ। ਬੇਰੁਜ਼ਗਾਰੀ ਅਤੇ ਮਹਿੰਗਾਈ ਦਿਨੋ ਦਿਨ ਵੱਧ ਰਹੀ ਹੈ। ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਵੱਖ ਵੱਖ ਫ਼ਸਲਾਂ ਤੇ ਐਮ ਐਸ ਪੀ ਦੀ ਗਰੰਟੀ ਦਾ ਕਾਨੂੰਨੀ ਪਾਸ ਕਰਨ, ਬਨੇਗਾ ਦਾ ਕਾਨੂੰਨ ਪਾਰਲੀਮੈਂਟ ਵਿੱਚ ਪਾਸ ਕਰਨ ਤੋਂ ਸਰਕਾਰ ਮੁਨਕਰ ਹੋ ਗਈ ਹੈ। ਕਿਸਾਨਾਂ ਅਤੇ ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਨ ਦੀ ਬਜਾਏ ਵੱਡੇ ਘਰਾਣਿਆਂ ਦੇ ਕਰਜ਼ੇ ਮੁਆਫ ਕੀਤੇ ਜਾ ਰਹੇ ਹਨ।ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਅੰਦੋਲਨਾਂ ਨੂੰ ਡੰਡੇ ਦੇ ਜ਼ੋਰ ਨਾਲ ਦਬਾਇਆ ਜਾ ਰਿਹਾ ਹੈ। ਆਗੂਆਂ ਨੇ ਅੱਗੇ ਕਿਹਾ ਕਿ 1 ਸਤੰਬਰ ਦੀ ਕੌਮੀ ਰੈਲੀ ਮੋਦੀ ਸਰਕਾਰ ਨੂੰ ਲੋਕ ਪੱਖੀ ਫੈਸਲੇ ਲੈਣ ਲਈ ਮਜਬੂਰ ਕਰਨ ਵਾਸਤੇ ਕੀਤੀ ਜਾ ਰਹੀ ਹੈ। ਆਗੂਆਂ ਨੇ ਐਲਾਨ ਕੀਤਾ ਕਿ 1 ਸਤੰਬਰ 2026 ਨੂੰ ਰਾਮ ਲੀਲਾ ਮੈਦਾਨ ਵਿਖੇ ਹੋ ਰਹੀ ਕੌਮੀ ਰੈਲੀ ਵਿੱਚ ਸ਼ਾਮਿਲ ਹੋਣ ਲਈ ਫਰੀਦਕੋਟ ਤੋਂ ਇੱਕ ਵੱਡਾ ਜੱਥਾ ਦਿੱਲੀ ਰੈਲੀ ਵਿੱਚ ਸ਼ਾਮਿਲ ਹੋਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਮੰਦਰ ਸਿੰਘ ਢੁੱਡੀ, ਮੇਟ ਕੁਲਦੀਪ ਕੌਰ ਕੋਟ ਸੁਖੀਆ ਚਰਨਜੀਤ ਸਿੰਘ ਮੈਂਬਰ ਧੂੜਕੋਟ, ਬਲਵਿੰਦਰ ਕੌਰ, ਰਾਣੀ ਕੌਰ, ਸੁਖਮੰਦਰ ਸਿੰਘ ਭੱਟੀ ਅਤੇ ਮੇਟ ਲਵਪ੍ਰੀਤ ਕੌਰ ਪਿਪਲੀ ਆਦਿ ਵੀ ਹਾਜ਼ਰ ਸਨ।

## ਜਗਤ ਪੰਜਾਬੀ ਸਭਾ ਵੱਲੋਂ ਵਰਲਡ ਪੰਜਾਬੀ ਕਾਨਫਰੰਸ ਦੀ ਸਫਲਤਾ ‘ਤੇ ਜਸ਼ਨ ਸਮਾਗਮ ਆਯੋਜਿਤ

### 150 ਤੋਂ ਵੱਧ ਪੰਜਾਬੀ ਸ਼ਖਸੀਅਤਾਂ ਸ਼ਾਮਲ ਹੋਈਆਂ

### ਅਜੈਬ ਸਿੰਘ ਚੱਠਾ ਪੰਜਾਬ ਤੇ ਪੰਜਾਬੀ ਦੀ ਸੇਵਾ ਲਈ ਹਮੇਸ਼ਾ ਯਾਦ ਕੀਤੇ ਜਾਣਗੇ: ਬਲਮੁਕੰਦ ਸ਼ਰਮਾ

### ਸੈਂਚਰੀ ਗਾਰਡਨ,ਰਿਕਰੀਏਸ਼ਨ ਸੈਂਟਰ, ਬਰੈਂਪਟਨ, ਕੈਨੇਡਾ ਵਿਖੇ ਹੋਇਆ ਸਮਾਗਮ

### ਮਹਿਮਾਨਾਂ ਨੇ ਪੰਜਾਬੀ ਵਿਰਾਸਤ ਨੂੰ ਅੱਗੇ ਵਧਾਉਣ ਦਾ ਲਿਆ ਪ੍ਰਣ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ



ਬਰੈਂਪਟਨ, ਕੈਨੇਡਾ 17 ਅਗਸਤ : ਜਗਤ ਪੰਜਾਬੀ ਸਭਾ, ਕੈਨੇਡਾ ਵੱਲੋਂ ਹਾਲ ਹੀ ਵਿੱਚ ਸਫਲਤਾਪੂਰਵਕ ਆਯੋਜਿਤ ਕੀਤੀ ਗਈ 12ਵੀਂ ਵਰਲਡ ਪੰਜਾਬੀ ਕਾਨਫਰੰਸ ਦੀ ਖੁਸ਼ੀ ਵਿੱਚ ਸੈਂਚਰੀ ਗਾਰਡਨ ਰਿਕਰੀਏਸ਼ਨ ਸੈਂਟਰ, ਬਰੈਂਪਟਨ ਵਿਖੇ ਵਿਸ਼ਾਲ ਜਸ਼ਨ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਪੰਜਾਬੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਦੀਪ ਜਗਾ ਕੇ ਕੀਤੀ ਗਈ।

ਇਸ ਮੌਕੇ ਸਰਦਾਰ ਅਮਰ ਸਿੰਘ ਭੁੱਲਰ, ਹਮਦਰਦ ਮੀਡੀਆ ਦੇ ਸੀਈਓ ਅਤੇ ਮਾਲਕ ਵਿਸ਼ੇਸ਼ ਤੌਰ ‘ਤੇ ਪਹੁੰਚੇ। ਉਨ੍ਹਾਂ ਦੇ ਨਾਲ ਪ੍ਰੋ. ਦੇਵਿੰਦਰ ਸਿੰਘ ਸਿੱਧੂ ਵਾਈਸ ਚਾਂਸਲਰ, ਚੰਡੀਗੜ੍ਹ ਯੂਨੀਵਰਸਿਟੀ, ਮੋਹਾਲੀ ਅਤੇ ਤਰਲੋਚਨ ਸਿੰਘ ਅਟਵਾਲ ਸਮੇਤ ਹੋਰਨਾਂ ਨੇ ਦੀਪ ਜਗਾ ਕੇ ਸਮਾਗਮ ਦਾ ਉਦਘਾਟਨ ਕੀਤਾ। ਸ੍ਰੀ ਬਲਮੁਕੰਦ ਸ਼ਰਮਾ ਅਤੇ ਉਨ੍ਹਾਂ ਦੀ ਧਰਮ ਪਤਨੀ ਸ਼੍ਰੀਮਤੀ ਕੰਚਨ ਸ਼ਰਮਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਵਿਸ਼ੇਸ਼ ਮਹਿਮਾਨਾਂ ਵਿੱਚ ਸਰਦਾਰ ਅਮਰੀਕ ਸਿੰਘ ਗੋਗਨਾ, ਹਰਦੇਵ ਚੌਹਾਨ, ਸਤਨਾਮ ਕੌਰ ਤੇ ਸਤਿੰਦਰ ਕੌਰ ਕਾਹਲੋਂ ਸ਼ਾਮਲ ਹੋਏ।



ਸਮਾਗਮ ਦੌਰਾਨ ਚੇਅਰਮੈਨ ਫੂਡ ਕਾਰਪੋਰੇਸ਼ਨ ਪੰਜਾਬ ਸ਼੍ਰੀ ਬਾਲ ਮੁਕੰਦ ਸ਼ਰਮਾ ਨੇ ਚੋਣਵੀਆਂ ਸਖਸ਼ੀਆਂਤਾਂ ਨੂੰ ਸਨਮਾਨਤ ਕੀਤਾ। ਉਹਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਭੋਜਨ ਪਦਾਰਥਾਂ ਨੂੰ ਸੁਰੱਖਿਅਤ ਬਣਾਉਣ ਲਈ ਯਤਨਸ਼ੀਲ ਹੈ। ਸਕੂਲਾਂ ਵਿੱਚ ਵੀ ਭੋਜਨ ਪਦਾਰਥਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ, ਜਿਸ ਵਿੱਚ ਪੁਰਾਤਨ ਪੌਂਦੇ ਅਤੇ ਗੁਣਵੱਤਾ ਵਾਲੇ ਪੌਦਿਆਂ ਦੀ ਮਹਾਨਤਾ ਬਾਰੇ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਉੱਨਾਂ ਨੇ ਕਿਹਾ ਕਿ ਸ. ਅਜੈਬ ਸਿੰਘ ਚੱਠਾ ਪੰਜਾਬ ਤੇ ਪੰਜਾਬੀ ਦੀ ਸੇਵਾ ਲਈ ਹਮੇਸ਼ਾ ਯਾਦ ਕੀਤੇ ਜਾਣਗੇ।

ਡੇਢ ਸੌ ਦੇ ਕਰੀਬ ਪਤਵੰਤਿਆਂ ਨੇ ਵਰਲਡ ਪੰਜਾਬੀ ਕਾਨਫਰੰਸ ਦੀ ਸਫਲਤਾ ਲਈ ਆਪਣੇ ਵਿਚਾਰ ਸਾਂਝੇ ਕੀਤੇ। ਬੁਲਾਰਿਆਂ ਨੇ ਆਪਣੇ ਸੰਬੋਧਨਾਂ ਵਿੱਚ ਕਿਹਾ ਕਿ ਅਜਿਹੇ ਸਮਾਗਮ ਪੰਜਾਬੀ ਭਾਸ਼ਾ, ਸੱਭਿਆਚਾਰ ਅਤੇ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਕਵੀ ਦਰਬਾਰ ਦੌਰਾਨ ਮਨਿੰਦਰ ਜੀਤ ਕੌਰ, ਭੁਪਿੰਦਰ ਰੋੜੇ, ਕੁਲਦੀਪ ਗਿੱਲ, ਗੁਰਚਰਨ ਸਿੰਘ, ਗਿਆਨ ਸਿੰਘ ਦਰਦੀ, ਭੁਪਿੰਦਰ ਸਿੰਘ ਵਾਲੀਆ, ਗੁਰਦੇਵ ਸਿੰਘ ਰਖੜਾ, ਸੁਜਾਨ ਸਿੰਘ, ਗੁਰਮੇਲ ਸਿੰਘ, ਸਤਿੰਦਰ ਕਾਹਲੋਂ, ਹਲੀਮਾ, ਦਰਸ਼ਨ ਸਿੰਘ ਸਿੱਧੂ, ਹਰਜੀਤ ਕੌਰ ਗਿੱਲ, ਜਸਪਾਲ ਦੇਸੁਵੀ, ਪਿਆਰਾ ਸਿੰਘ ਕੁੱਦੋਬਾਲ, ਤਾਹਿਰ ਅਸਲਮ ਗੋਰਾ, ਮਨਜੀਤ ਕੌਰ, ਗੁਰਚਰਨ ਸਿੰਘ ਕਾਹਲੋਂ, ਪਰਮਜੀਤ ਸਿੰਘ ਢਿੱਲੋਂ, ਮਹਿੰਦਰ ਪ੍ਰਤਾਪ, ਅਜਾਇਬ ਸਿੰਘ ਸੰਗਾ, ਰੂਬੀ ਅਤੇ ਰਮਿੰਦਰ ਵਾਲੀਆ ਸਮੇਤ ਹੋਰ ਕਵੀਆਂ ਨੇ ਭਰਵੀਂ ਹਾਜ਼ਰੀ ਲਗਵਾਈ। ਕਵੀਆਂ ਨੇ ਆਪੋ-ਆਪਣੇ ਕਲਾਮ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰਮੁਗਧ ਕੀਤਾ ਅਤੇ ਕਵੀ ਦਰਬਾਰ ਨੂੰ ਯਾਦਗਾਰੀ ਬਣਾਇਆ।

## ਡੀ ਐੱਮ ਸੀ ਨੇ ਪੀ.ਏ.ਯੂ. ਵਿਖੇ 6 ਕਰੋੜ ਦੀ ਵਿਦਿਆਰਥੀ ਫੈਲੋਸ਼ਿਪ ਦਾ ਐਲਾਨ ਕੀਤਾ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 17 ਅਗਸਤ : ਪੀ.ਏ.ਯੂ. ਵਿਖੇ ਅਕਾਦਮਿਕ ਵਰ੍ਹੇ 2026-27 ਲਈ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਵੱਲੋਂ 6 ਕਰੋੜ ਰੁਪਏ ਦੀ ਵਿਦਿਆਰਥੀ ਫੈਲਸ਼ਿਪ ਦਿੱਤੀ ਜਾਵੇਗੀ| ਇਸ ਦਾ ਐਲਾਨ ਅੱਜ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਮੀਟਿੰਗ ਹਾਲ ਵਿਖੇ ਡਾ. ਸਤਿਬੀਰ ਸਿੰਘ ਗੋਸਲ ਅਤੇ ਡੀ ਐੱਮ ਸੀ ਸਕਾਲਰਸ਼ਿਪ ਦੇ ਚੇਅਰਮੈਨ ਦੀ ਪ੍ਰਧਾਨਗੀ ਵਿਚ ਹੋਈ ਮੀਟਿੰਗ ਦੌਰਾਨ ਕੀਤਾ ਗਿਆ| ਇਹ ਫੈਲੋਸ਼ਿਪ ਸੁਰੱਖਿਆ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀਆਂ ਦੇ ਬੱਚਿਆਂ ਅਤੇ ਇਕਲੌਤੀ ਲੜਕੀ ਵਰਗ ਵਿਚ ਦਿੱਤੀ ਜਾਵੇਗੀ| ਮੈਰਿਟ ਅਤੇ ਖੇਡਾਂ ਦੇ ਖੇਤਰ ਵਿਚ ਉੱਘੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀ ਵੀ ਇਸ ਸਕਾਲਰਸ਼ਿਪ ਦੇ ਹੱਕਦਾਰ ਹੋਣਗੇ| ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਇਸ ਸਕਾਲਰਸ਼ਿਪ ਦੀ ਵਡਿਆਈ ਕਰਦਿਆਂ ਕਿਹਾ ਕਿ ਇਹ ਯੋਗਦਾਨ ਵਿਦਿਆਰਥੀਆਂ ਨੂੰ ਹੋਰ ਮਿਹਨਤ ਅਤੇ ਲਗਨ ਨਾਲ ਕਾਰਜ ਕਰਨ ਲਈ ਪ੍ਰੇਰਿਤ ਕਰੇਗਾ| ਉਹਨਾਂ ਕਿਹਾ ਕਿ ਹੋਣਹਾਰ ਪਰ ਆਰਥਿਕ ਤੌਰ ਤੇ ਕਮਜ਼ੋਰ ਬੱਚੇ ਆਪਣੀ ਪੜ੍ਹਾਈ ਨੂੰ ਸਨਮਾਨ ਨਾਲ ਪੂਰੀ ਕਰ ਸਕਣਗੇ ਅਤੇ ਮਿਆਰੀ ਸਿਹਤ ਸਿੱਖਿਆ ਦਾ ਹਿੱਸਾ ਬਣਨਗੇ| ਉਹਨਾਂ ਕਿਹਾ ਕਿ ਇਸ ਯੋਜਨਾ ਨਾਲ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦਾ ਅਕਾਦਮਿਕ ਮਾਹੌਲ ਵੀ ਬਿਹਤਰ ਬਣੇਗਾ|



ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਸਕੱਤਰ ਪ੍ਰਬੰਧਕ ਕਮੇਟੀ ਸ੍ਰੀ ਬਿਪਿਨ ਗੁਪਤਾ ਨੇ ਸੰਸਥਾਵਾਂ ਦੇ ਆਪਸੀ ਸੰਪਰਕ ਬਾਰੇ ਗੱਲ ਕਰਦਿਆਂ ਕਿਹਾ ਕਿ ਉਹਨਾਂ ਦੀ ਪ੍ਰਬੰਧਕ ਕਮੇਟੀ ਨੇ ਉੱਚ ਯੋਗਤਾ ਵਾਲੇ ਵਿਦਿਆਰਥੀਆਂ ਦੇ ਸਹਿਯੋਗ ਲਈ ਇਹ ਪਹਿਲਕਦਮੀ ਆਰੰਭੀ ਹੈ| ਸਿਹਤ ਖੇਤਰ ਦੀਆਂ ਲੋੜਾਂ ਅਨੁਸਾਰ ਵਿਦਿਆਰਥੀਆਂ ਦੇ ਹੁਨਰ ਨੂੰ ਤਰਾਸ਼ਣ ਵਾਸਤੇ ਸੰਸਥਾ ਹੋਰ ਵੀ ਕਾਰਜ ਕਰਦੀ ਰਹੇਗੀ|

ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਪ੍ਰਿੰਸੀਪਲ ਡਾ. ਗੁਰਪ੍ਰੀਤ ਸਿੰਘ ਵਾਂਡਰ ਨੇ ਇਸ ਸਕਾਲਰਸ਼ਿਪ ਸਕੀਮ ਨੂੰ ਵਿਦਿਆਰਥੀਆਂ ਵਿਚ ਸਿਹਤਮੰਦ ਮੁਕਾਬਲਾ ਵਧਾਉਣ ਦਾ ਜ਼ਰੀਆ ਕਿਹਾ| ਉਹਨਾਂ ਨੇ ਕਿਹਾ ਕਿ ਲੋੜਵੰਦ ਵਿਦਿਆਰਥੀ ਆਪਣੇ ਪਰਿਵਾਰਾਂ ਉੱਤੇ ਬੋਝ ਬਣੇ ਬਿਨਾਂ ਆਪਣੀ ਪੜ੍ਹਾਈ ਪੂਰੀ ਕਰ ਸਕਣਗੇ| ਡਾ. ਗੋਸਲ ਦੀ ਪ੍ਰਧਾਨਗੀ ਹੇਠ ਸਕਾਲਰਸ਼ਿਪ ਕਮੇਟੀ ਗਠਿਤ ਕੀਤੀ ਗਈ ਜਿਸਦੇ ਕਨਵੀਨਰ ਅਤੇ ਖਜ਼ਾਨਚੀ ਸ਼੍ਰੀ ਮੁਕੇਸ਼ ਕੁਮਾਰ ਹੋਣਗੇ ਅਤੇ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਡੀਨ ਡਾ. ਸੰਦੀਪ ਕੌਸ਼ਲ ਵਿਸ਼ੇਸ਼ ਸਲਾਹਕਾਰ ਵਜੋਂ ਜ਼ਿੰਮੇਵਾਰੀ ਨਿਭਾਉਣਗੇ| ਇਸ ਤੋਂ ਇਲਾਵਾ ਅਕਾਦਮਿਕ ਅਤੇ ਪ੍ਰਸ਼ਾਸਨਿਕ ਅਤੇ ਉਦਯੋਗ ਦੇ ਖੇਤਰ ਵਿੱਚੋਂ ਕੁਝ ਹੋਰ ਨਾਵਾਂ ਨੂੰ ਇਸ ਕਮੇਟੀ ਨਾਲ ਜੋੜਿਆ ਜਾਵੇਗਾ|

ਇਸ ਮੌਕੇ ਡਾ. ਆਸ਼ਿਮਾ ਤਨੇਜਾ ਦਇਆਨੰਦ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਔਰਤਾਂ ਦੇ ਰੋਗ ਮਾਹਿਰ ਅਤੇ ਯੂਨੀਵਰਸਿਟੀ ਦੇ ਉੱਚ ਅਧਿਕਾਰੀ ਵੀ ਮੌਜੂਦ ਸਨ| ਸਮਾਰੋਹ ਦਾ ਸੰਚਾਲਨ ਡਾ. ਵਿਸ਼ਾਲ ਬੈਕਟਰ ਨੇ ਕੀਤਾ|

# ਵਰਲਡ ਪੰਜਾਬੀ ਟਾਈਮਜ਼ 17 ਅਗਸਤ 2026 ਦਿਨ ਸੋਮਵਾਰ

## ਤੀਆਂ ਦਾ ਤਿਉਹਾਰ

ਕਾਹਦਾ ਸਾਵਣ ਕਾਹਦੀਆਂ ਤੀਆਂ
ਨਾ ਹੀ ਪੇਕੇ ਆਈਆਂ ਧੀਆਂ
ਪਿੱਪਲਾਂ ਤੇ ਕਿਸੇ ਪੀਂਘ ਨਾ ਪਾਈ
ਨਾ ਹੀ ਚਰਖਾ ਡਾਇਆ ਧੀਆਂ




ਨਾ ਗਲੀ ਵਣਜਾਰਾ ਆਇਆ
ਨਾ ਕੋਈ ਵੀਰ ਸੰਧਾਰਾ ਲਿਆਇਆ
ਨਾ ਕਿਸੇ ਪੱਗ ਸੰਧੂਰੀ ਬੰਨੀ
ਨਾ ਕੋਈ ਮੇਲਾ ਵੇਖਣ ਆਇਆ

ਨਾ ਕਿਤੇ ਪੱਕਣ ਖੀਰ ਤੇ ਪੂੜੇ
ਨਾ ਹੀ ਖੜਕੇ ਵੰਗਾਂ ਚੂੜੇ
ਨਾ ਸਿਰ ਸੱਜੀ ਸੂਹੀ ਫੁਲਕਾਰੀ
ਨਾ ਕੋਈ ਝੂਟੇ ਪੀਂਘ ਕੁਆਰੀ

ਪਹਿਲਾਂ ਵਾਲਾ ਪਿਆਰ ਰਿਹਾ ਨਾ
ਸਾਂਝਾਂ ਸੱਭਿਆਚਾਰ ਰਿਹਾ ਨਾ
ਫੈਸ਼ਨਾਂ ਉਤੇ ਡੁਲ ਗਈਆ ਧੀਆਂ
ਹੁਣ ਫੇਸਬੁੱਕ ਤੇ ਰਹਿ ਗਿਆ ਤੀਆਂ

ਵਰਲਡ ਪੰਜਾਬੀ ਟਾਈਮਜ਼
ਸ ਕਸ਼ਮੀਰ ਸਿੰਘ ਭੁਲੱਥ

ਨਵੀਂ ਪੀੜ੍ਹੀ ਤਾਂ ਸਭ ਕੁਝ ਭੁੱਲ ਗਈ
ਪੱਛਮੀ ਸੱਭਿਆਚਾਰ ਤੇ ਡੁੱਲ ਗਈ
ਨਾ ਕੁੱਝ ਯਾਦ ਪਿਛੋਕੜ ਰਹਿ ਗਿਆ
ਭੁਲੱਥ ਵਾਲਾ ਗੱਲ ਸੱਚੀ ਕਹਿ ਗਿਆ
ਭੁਲੱਥ ਵਾਲਾਂ ———++

## ਤੇ ਉਹ ਸੋਚਦੀ

ਵਰਲਡ ਪੰਜਾਬੀ ਟਾਈਮਜ਼
ਰਮਿੰਦਰ ਰੰਮੀ

ਗੱਡੀ ਆਪਣੀ ਰਫ਼ਤਾਰ
ਨਾਲ ਜਾ ਰਹੀ ਸੀ
ਤੇ ਉਹ ਸੋਚਦੀ
ਕਾਸ਼
ਮੇਰਾ ਹਮਦਮ ਮੇਰੇ ਨਾਲ ਹੁੰਦਾ

ਬਾਹਰ ਅਸਮਾਨ ਵਿੱਚ
ਉੱਡਦੇ ਪੰਛੀਆਂ ਤੇ ਜਹਾਜ਼ਾਂ ਨੂੰ
ਨਿਹਾਰਦੀ
ਤੇ ਉਹ ਸੋਚਦੀ
ਤੂੰ ਮੇਰੇ ਨਾਲ ਹੁੰਦਾ ਤੇ
ਇਹਨਾਂ ਨੂੰ ਉੱਡਦਿਆਂ ਦੇਖ
ਬੱਚਿਆਂ ਵਾਂਗ ਖ਼ੁਸ਼ ਹੁੰਦੇ

ਬਾਹਰ ਭੱਜਦੇ ਜਾਂਦੇ
ਖੇਤਾਂ ਨੂੰ ਦੇਖ!
ਤੇ ਉਹ ਸੋਚਦੀ
ਗੱਡੀ ਰੋਕ ਖੇਤਾਂ ਵਿੱਚ ਚਲੇ ਜਾਂਦੇ
ਇੱਧਰ ਉਧਰ ਭੱਜਦੇ
ਕਿਲਕਾਰੀਆਂ ਮਾਰਦੇ
ਤੇ ਤੂੰ ਮੇਰੀ ਉੱਡਦੀ ਜਾਂਦੀ
ਲਟਾਂ ਨੂੰ ਸੰਵਾਰਦਾ

ਗੱਡੀ ਦੇ ਝਟਕਿਆਂ ਨਾਲ
ਕਿਤੇ ਨੀਂਦ ਆ ਜਾਂਦੀ!
ਤੇ ਉਹ ਸੋਚਦੀ
ਕਾਸ਼ ਤੇਰਾ ਕੰਧਾ ਹੁੰਦਾ
ਤੇ ਮੈਂ ਸਿਰ ਰੱਖ
ਬੇਫ਼ਿਕਰ ਹੋ ਸੋ ਜਾਂਦੀ

ਆਪਣੇ ਨਾਲ ਦੀ
ਖਾਲ਼ੀ ਸੀਟ ਵੱਲ ਦੇਖਦੀ
ਤੇ ਉਹ ਸੋਚਦੀ
ਤੂੰ ਨਾਲ ਹੁੰਦਾ ਤੇ
ਗੱਲਾਂ ਬਾਤਾਂ ਕਰਦਿਆਂ
ਸਫ਼ਰ ਕੱਦ ਖ਼ਤਮ ਹੋ ਗਿਆ
ਪਤਾ ਹੀ ਨਾ ਲੱਗਦਾ

ਸੋਚਾਂ ਸੋਚਦਿਆਂ ਕੱਦ
ਗੱਡੀ ਦੇ ਬਰੇਕ ਲੱਗ ਗਏ
ਪਤਾ ਹੀ ਨਹੀਂ ਲੱਗਾ
ਤੇ ਉਹ ਸੋਚਦੀ
ਜਿਵੇਂ ਉਸਨੂੰ ਕਿਸੇ ਨੇ
ਮਿੱਠੇ ਸੁਪਨੇ ਤੋਂ ਜਗਾ ਦਿੱਤਾ ਹੋਏ
ਤੇ ਉਹ ਸੋਚਦੀ
ਕਾਸ਼ ਇਹ ਸੱਚ ਹੁੰਦਾ
ਤੇ ਉਹ ਸੋਚਦੀ
ਤੇ ਉਹ ਸੋਚਦੀ।

## ਡੀ.ਸੀ.ਐਮ. ਸਕੂਲ ਵਿੱਚ 80ਵਾਂ ਆਜ਼ਾਦੀ ਦਿਵਸ ਬੜੀ ਧੂਮਧਾਮ ਨਾਲ ਮਨਾਇਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 17 ਅਗਸਤ : ਸਥਾਨਕ ਡੀ.ਸੀ.ਐਮ. ਇੰਟਰਨੈਸ਼ਨਲ ਸਕੂਲ ਵਿਖੇ ਦੇਸ਼ ਦੇ 80ਵੇਂ ਆਜ਼ਾਦੀ ਦਿਵਸ ਨੂੰ ਬੜੇ ਹੀ ਉਤਸ਼ਾਹ, ਦੇਸ਼ਭਗਤੀ ਅਤੇ ਧੂਮਧਾਮ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਜੀ ਵੱਲੋਂ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਕੇ ਕੀਤੀ ਗਈ। ਇਸ ਉਪਰੰਤ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਪੇਸ਼ ਕੀਤਾ ਗਿਆ, ਜਿਸ ਨੇ ਸਮਾਗਮ ਵਿੱਚ ਦੇਸ਼ਭਗਤੀ ਦਾ ਜਜ਼ਬਾ ਹੋਰ ਵਧਾ ਦਿੱਤਾ। ਇਸ ਮੌਕੇ ਪ੍ਰਿੰਸੀਪਲ ਸ਼੍ਰੀਮਤੀ ਮੀਨਾਕਸ਼ੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਪ੍ਰੇਰਣਾਦਾਇਕ ਸੰਦੇਸ਼ ਦਿੰਦਿਆਂ ਆਜ਼ਾਦੀ ਦੀ ਮਹੱਤਤਾ, ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਅਤੇ ਇੱਕ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ। ਇਸ ਤੋਂ ਬਾਅਦ ਸਕੂਲ ਦੀ ਚੇਅਰਪਰਸਨ ਸ਼੍ਰੀਮਤੀ ਕਾਜਲ ਮਿੱਤਲ ਜੀ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਕੁਇਜ਼ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਕਲਾਸ 9ਵੀਂ ਤੋਂ 12ਵੀਂ ਤੱਕ ਦੇ ਚਾਰਾਂ ਹਾਊਸਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਨੇ ਵੀ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕੁਝ ਵਿਦਿਆਰਥੀਆਂ ਨੇ ਦੇਸ਼ ਰੰਗੀਲਾ ਤੇ ਖੂਬਸੂਰਤ ਡਾਂਸ ਦੀ ਪੇਸ਼ਕਾਰੀ ਕੀਤੀ।ਅਤੇ 'ਛੋੜੋ ਕੱਲ ਕੀ ਬਾਤੇਂ ਗਰੁੱਪ ਸੋਂਗ, ਗਾਇਨ ਦੀਆਂ ਮਨਮੋਹਕ ਪੇਸ਼ਕਾਰੀਆਂ ਦਿੱਤੀਆਂ। ਉਨ੍ਹਾਂ ਦੀਆਂ ਪੇਸ਼ਕਾਰੀਆਂ ਨੇ ਸਮਾਗਮ ਨੂੰ ਹੋਰ ਵੀ ਰੰਗੀਨ ਅਤੇ ਯਾਦਗਾਰ ਬਣਾ ਦਿੱਤਾ। ਸਮਾਗਮ ਦੇ ਅੰਤ ਵਿੱਚ ਸਕੂਲ ਮੈਨੇਜਮੈਂਟ ਅਤੇ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਮਠਿਆਈਆਂ ਵੰਡ ਕੇ ਆਜ਼ਾਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਗਈਆਂ। ਇਸ ਤਰ੍ਹਾਂ ਆਜ਼ਾਦੀ ਦਿਵਸ ਦਾ ਇਹ ਸਮਾਗਮ ਦੇਸ਼ ਭਗਤੀ, ਉਤਸ਼ਾਹ ਅਤੇ ਖੁਸ਼ੀ ਨਾਲ ਭਰਪੂਰ ਯਾਦਗਾਰ ਬਣ ਗਿਆ।

## ਮੈਂ ਉਸਨੂੰ ਪੁੱਛਿਆ



ਮੈਂ ਉਸਨੂੰ ਪੁੱਛਿਆ?
ਤੂੰ ਕਦੇ ਦਰਿਆ ਵਗਦਾ ਵੇਖਿਆ ਹੈ।
ਉਸ ਸਤਲੁਜ ਦਾ ਨਾਮ ਲਿਆ।

ਕਿੱਥੇ ਵੇਖਿਆ?
ਉਸ ਕਿਹਾ ਪਹਾੜੋਂ ਉੱਤਰਦਾ।
ਮੈਂ ਕਿਹਾ!
ਏਨਾ ਵੇਗਮੱਤਾ ਦਰਿਆ
ਨਾ ਵੇਖਿਆ ਕਰ!
ਬੰਦਾ ਖੂੰਖ਼ਾਰ ਹੋ ਜਾਂਦਾ ਹੈ।

ਕਦੇ ਰਾਵੀ ਵੇਖੀਂ,
ਡੇਰਾ ਬਾਬਾ ਨਾਨਕ ਦੇ ਕੋਲ।
ਲਹਿਰ ਲਹਿਰ ਤੁਰਦੀ ਸ਼ਾਂਤ ਅਡੋਲ।
ਛਾਹ ਵੇਲਾ ਲੈ ਕੇ,
ਪੈਲੀਆਂ ਨੂੰ ਜਾਂਦੀ ਮੁਟਿਆਰ ਵਾਂਗ,
ਠੁਮਕ ਠੁਮਕ ਤੁਰਦੀ।
ਪੌਣਾਂ ਨੂੰ ਗੀਤ ਸੁਣਾਉਂਦੀ,
ਰੂਹ ਸਿੰਜਦੀ, ਮੁਸਕਰਾਉਂਦੀ।

ਅਛੋਪਲੇ ਸਰਹੱਦ ਪਾਰ ਕਰਦੀ,
ਕਰਤਾਰਪੁਰ ਸਾਹਿਬ ਮੱਥਾ ਟੇਕਦੀ,
ਫਿਰ ਮੁੜ ਆਉਂਦੀ ਰਮਦਾਸ ਕੋਲ।
ਬਾਬਾ ਬੁੱਢਾ ਜੀ ਦੇ ਚਰਨ ਪਰਸ,
ਫਿਰ ਤੁਰ ਜਾਂਦੀ
ਡੇਰਾ ਸਾਹਿਬ ਲਾਹੌਰ।
ਇੰਜ ਲੱਗਦਾ
ਤੀਰਥ ਕਰਦੀ ਫਿਰਦੀ ਹੈ,
ਐਰਾਵਤੀ ਨਦੀ।

ਮੈਂ ਪੁੱਛਿਆ?
ਤੂੰ ਕਦੇ ਕੋਠੇ ਤੇ ਸੁੱਕਣੇ ਪਏ,
ਮੱਕੀ ਦੇ ਦਾਣਿਆਂ ਦੀ
ਰਾਖੀ ਬੈਠੀ ਏਂ?
ਦੁਸਾਂਘੜ ਫਸਾ ਕੇ
ਮੰਜੇ ਦੀ ਛਾਵੇਂ।
ਉਸ ਕਿਹਾ!
ਹਾਂ! ਨਿੱਕੇ ਹੁੰਦਿਆਂ ਬਹੁਤ ਵਾਰ।

ਜਾਂ ਫਿਰ ਤੂੰ ਕਣਕ ਦੇ ਦਾਣਿਆਂ ਤੇ
ਜੰਜ਼ੀਰੀ ਟੁੱਕਦੀ ਘੁੱਗੀ ਵੇਖੀ ਸੀ।
ਉਸ ਪੁੱਛਿਆ?
ਹਾਂ! ਤੈਨੂੰ ਕਿਹੋ ਜਹੀ ਲੱਗਦੀ ਸੀ?

ਮੈਂ ਕਿਹਾ,
ਤੇਰੇ ਵਾਂਗ ਪੋਲਾ ਪੋਲਾ ਹੱਸਦੀ।
ਪੋਟਿਆਂ ਨਾਲ ਸੇਵੀਆਂ ਵੱਟਦੀ
ਮੇਰੀ ਮਾਂ ਵਾਂਗ।
ਹੁਣ ਵੀ ਮੂੰਹ
ਸਵਾਦ ਸਵਾਦ ਹੋ ਜਾਂਦੈ
ਯਾਦ ਕਰਕੇ।
ਮੈਂ ਉਸ ਨਾਲ
ਬਹੁਤ ਗੱਲਾਂ ਕੀਤੀਆਂ।

ਇਹ ਵੀ ਕਿ
ਮੇਰੇ ਵੱਡੇ ਭੈਣ ਜੀ ਮਨਜੀਤ ਨੇ
ਜਦ ਚੁੱਲ੍ਹੇ ਮੁੱਢ ਪਈ
ਸਵਾਹ ਵਿਛਾ ਮੇਰੇ ਲਈ
ਪਹਿਲੀ ਵਾਰ ਊੜਾ ਵਾਹਿਆ ਸੀ।
ਸੱਚੀਂ ਉਸ ਵਰਗਾ ਵਿਸਮਾਦ,
ਰੂਹ ਨੂੰ ਅੱਜ ਤੀਕ
ਕਦੇ ਨਹੀਂ ਆਇਆ।
ਉਹੀ ਊੜਾ ਐੜਾ
ਤੋਰੀ ਫਿਰਦਾ ਹੈ ਹੁਣ ਤੀਕ।

ਉਸ ਕਿਹਾ!
ਤੂੰ ਕਿੱਥੋਂ ਲੈਂਦਾ ਹੈਂ
ਕਵਿਤਾ ਦਾ ਨੀਲਾਂਬਰ।
ਫੁਲਕਾਰੀ ਵਰਗੀ ਧਰਤੀ ਨੂੰ
ਕਿਵੇਂ ਗੀਤਾਂ 'ਚ ਪਰੋ ਲੈਂਦਾ ਹੈਂ?
ਮੈਂ ਕਿਹਾ!
ਸਭ ਕੁਝ ਉਧਾਰਾ ਹੈ
ਏਧਰੋਂ ਓਧਰੋਂ।

ਮੈਂ ਪੁੱਛਿਆ!
ਤੂੰ ਕਦੇ ਦਰਿਆ ਕੋਲ ਜਾ,
ਉਸ ਨਾਲ ਗੱਲਾਂ ਕੀਤੀਆਂ?
ਉਸ ਕਿਹਾ, ਨਹੀਂ।
ਹਰ ਵਾਰ,
ਦਰਿਆ ਹੀ ਮੇਰੇ ਕੋਲ ਆਉਂਦਾ ਹੈ।
ਬਹੁਤ ਕੁਝ ਸੁਣਾਉਂਦਾ ਹੈ,
ਤੇਰੇ ਵਾਂਗ।
ਮੈਂ ਧਰਤੀ ਹਾਂ,
ਸਿਰਫ਼ ਸੁਣਦੀ ਹਾਂ।

ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

## ਪੀ ਏ ਯੂ ਨੇ ਸ਼ਹੀਦਾਂ ਦੀਆਂ ਕੁਰਬਾਨੀਆਂ ਯਾਦ ਕਰਦਿਆਂ 80 ਵਾਂ ਆਜ਼ਾਦੀ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 17 ਅਗਸਤ : ਪੀ ਏ ਯੂ ਦੇ ਖੇਤੀਬਾੜੀ ਕਾਲਜ ਦੇ ਵਿਹੜੇ ਵਿਚ ਦੇਸ਼ ਦਾ 80 ਵਾਂ ਆਜ਼ਾਦੀ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਰਾਸ਼ਟਰੀ ਝੰਡੇ ਨੂੰ ਲਹਿਰਾ ਕੇ ਇਸ ਤੋਂ ਸਲਾਮੀ ਲੈਣ ਦੀ ਰਸਮ ਦੀ ਅਗਵਾਈ ਵਾਈਸ ਚਾਂਸਲਰ ਡਾ ਸਤਿਬੀਰ ਸਿੰਘ ਗੋਸਲ ਨੇ ਕੀਤੀ। ਰਜਿਸਟਰਾਰ ਡਾ ਰਿਸ਼ੀਪਾਲ ਸਿੰਘ ਆਈ ਏ ਐਸ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਉਨ੍ਹਾਂ ਨਾਲ ਸਮੂਹ ਉੱਚ ਅਧਿਕਾਰੀ, ਵੱਖ ਵੱਖ ਵਿਭਾਗਾਂ ਦੇ ਮੁਖੀ, ਅਧਿਆਪਕ ਅਤੇ ਵਿਦਿਆਰਥੀ ਵੱਡੀ ਗਿਣਤੀ ਵਿਚ ਮੌਜੂਦ ਸਨ।

ਵਾਈਸ ਚਾਂਸਲਰ ਨੇ ਆਪਣੇ ਸੰਬੋਧਨ ਵਿਚ ਇਸ ਪਵਿੱਤਰ ਦਿਨ ਨੂੰ ਦੇਸ਼ ਦੇ ਉਨ੍ਹਾਂ ਮਹਾਨ ਸ਼ਹੀਦਾਂ, ਦੇਸ਼-ਭਗਤਾਂ ਅਤੇ ਯੋਧਿਆਂ ਦੀ ਕੁਰਬਾਨੀ ਅੱਗੇ ਨਤਮਸਤਕ ਹੋਣ ਦਾ ਮੌਕਾ ਕਿਹਾ , ਜਿਨ੍ਹਾਂ ਦੀਆਂ ਅਣਗਿਣਤ ਕੁਰਬਾਨੀਆਂ ਬਦੌਲਤ ਅੱਜ ਦੇਸ਼ ਆਜ਼ਾਦੀ ਦੀਆਂ ਬਰਕਤਾਂ ਮਾਣ ਰਿਹਾ ਹੈ।

ਇਸ ਦੇ ਨਾਲ ਹੀ ਉਨ੍ਹਾਂ ਨੇ ਦੇਸ਼ ਦੇ ਕਿਸਾਨਾਂ ਅਤੇ ਵਿਗਿਆਨੀਆਂ ਨੂੰ ਵੀ ਸਲਾਮ ਕੀਤਾ ਜਿਨ੍ਹਾਂ ਨੇ ਅਨਾਜ ਦੇ ਖੇਤਰ ਵਿੱਚ ਦੇਸ਼ ਨੂੰ ਆਤਮ-ਨਿਰਭਰ ਬਣਾਇਆ। ਉਨ੍ਹਾਂ ਕਿਹਾ ਕਿ ਸਾਡੇ ਪੁਰਖਿਆਂ ਦੇ ਸੁਪਨਿਆਂ ਦਾ ਭਾਰਤ ਬਣਾਉਣਾ ਹੁਣ ਸਾਡਾ ਫਰਜ਼ ਹੈ।

ਵਾਈਸ ਚਾਂਸਲਰ ਨੇ ਪੀ ਏ ਯੂ ਦੇ ਇਤਿਹਾਸ ਬਾਰੇ ਗੱਲ ਕਰਦਿਆਂ ਕਿਹਾ ਕਿ ਹਰੀ ਕ੍ਰਾਂਤੀ ਨੇ ਦੇਸ਼ ਨੂੰ ਅਨਾਜ ਪੱਖੋਂ ਸਵੈ ਨਿਰਭਰ ਬਣਾਇਆ ਅਤੇ ਦੇਸ਼ ਦੀ ਭੋਜਨ ਸੁਰੱਖਿਆ ਦੇ ਨਾਲ-ਨਾਲ ਨਵੀਆਂ ਕਿਸਮਾਂ ਅਤੇ ਤਕਨੀਕੀ ਹੱਲ ਲੱਭ ਕੇ ਰਾਸ਼ਟਰੀ੍ ਅਤੇ ਅੰਤਰਰਾਸ਼ਟਰੀ ਪੱਧਰ ਤੇ ਮਨੁੱਖ ਦੀ ਸੇਵਾ ਲਈ ਆਪਣਾ ਯੋਗਦਾਨ ਦਿੱਤਾ ਹੈ। ਉਨ੍ਹਾਂ ਮਾਣ ਨਾਲ ਦੱਸਿਆ ਕਿ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਰੈਂਕਿੰਗ ਵਿੱਚ ਪੀ ਏ ਯੂ ਲਗਾਤਾਰ ਤੀਜੇ ਸਾਲ ਦੇਸ਼ ਦੀਆਂ ਰਾਜ ਖੇਤੀਬਾੜੀ ਯੂਨੀਵਰਸਿਟੀਆਂ ਵਿੱਚੋਂ ਸਿਖਰਲੀ ਰੈਂਕਿੰਗ ਤੇ ਰਹੀ ਹੈ। ਕਿਸਾਨੀ ਸਮਾਜ ਲਈ ਲਗਾਤਾਰ ਯੋਗਦਾਨ ਦਿੰਦਿਆਂ ਯੂਨੀਵਰਸਿਟੀ ਨੇ ਇਹ ਮੁਕਾਮ ਹਾਸਿਲ ਕੀਤਾ ਹੈ। ਉਨ੍ਹਾਂ ਇਸ ਸਫਲਤਾ ਦਾ ਸਿਹਰਾ ਯੂਨੀਵਰਸਿਟੀ ਦੇ ਤਮਾਮ ਅਮਲੇ ਦੇ ਸਿਰ ਬੰਨ੍ਹਿਆ।

ਵਿਸ਼ੇਸ਼ ਮਹਿਮਾਨ ਅਤੇ ਯੂਨੀਵਰਸਿਟੀ ਦੇ ਰਜਿਸਟਰਾਰ ਡਾ ਰਿਸ਼ੀਪਾਲ ਸਿੰਘ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਅੱਜ ਦਾ ਸਮਾਂ ਬਹੁਤ ਤੇਜ਼ੀ ਨਾਲ ਬਦਲ ਰਿਹਾ ਹੈ। ਖੇਤੀਬਾੜੀ ਹੁਣ ਸਿਰਫ਼ ਰਵਾਇਤੀ ਹਲ ਵਾਹੁਣ ਤੱਕ ਸੀਮਤ ਨਹੀਂ ਰਹੀ, ਸਗੋਂ ਇਹ ਹਾਈ-ਟੈਕ ਵਿਗਿਆਨ ਬਣ ਚੁੱਕੀ ਹੈ। ਬਦਲ ਰਹੇ ਜਲਵਾਯੂ, ਘਟ ਰਹੇ ਪਾਣੀ ਦੇ ਪੱਧਰ ਅਤੇ ਜ਼ਮੀਨ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ, ਪੀ ਏ ਯੂ ਬਦਲ ਰਹੀ ਤਕਨਾਲੋਜੀ ਦੇ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਧੀਆਂ ਦੀ ਸਿੱਖਿਆ ਦੇ ਨਾਲ ਨਾਲ ਖੇਤੀ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ, ਡਰੋਨਜ਼, ਸੈਂਸਰ- ਬੇਸਡ ਸਿੰਚਾਈ ਅਤੇ ਪ੍ਰੀਸੀਜ਼ਨ ਫਾਰਮਿੰਗ ਵਰਗੀਆਂ ਨਵੀਨਤਮ ਤਕਨਾਲੋਜੀਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਯੂਨੀਵਰਸਿਟੀ ਦਾ ਮੰਤਵ ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਵੱਧ ਲਾਹੇਵੰਦ ਅਤੇ ਵਾਤਾਵਰਣ ਪੱਖੋਂ ਟਿਕਾਊ ਬਣਾਉਣਾ ਹੈ।

ਇਸ ਮੌਕੇ ਸਵਾਗਤ ਦੇ ਸ਼ਬਦ ਬੋਲਦਿਆਂ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ ਕਮਲਜੀਤ ਸਿੰਘ ਸੂਰੀ ਨੇ ਵਿਦਿਆਰਥੀਆਂ ਦੀ ਭਲਾਈ ਲਈ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਸਬੰਧੀ ਜਾਣਕਾਰੀ ਦਿੱਤੀ। ਉਨ੍ਹਾਂ ਸਮੂਹ ਦੇਸ਼ ਵਾਸੀਆਂ ਨੂੰ ਇਸ ਦਿਹਾੜੇ ਦੀ ਵਧਾਈ ਦਿੱਤੀ ਅਤੇ ਆਜ਼ਾਦੀ ਦੀ ਅਸਲ ਭਾਵਨਾ ਬਰਕਰਾਰ ਰੱਖਣ ਲਈ ਅਪੀਲ ਕੀਤੀ। ਮੰਚ ਦਾ ਸੰਚਾਲਨ ਵਿਦਿਆਰਥੀ ਭਲਾਈ ਅਧਿਕਾਰੀ ਸ਼੍ਰੀ ਗੁਰਪ੍ਰੀਤ ਵਿਰਕ ਨੇ ਕੀਤਾ।